**16ਵੀਂ ਵਿਧਾਨ ਸਭਾ**

6ਵਾਂ (ਬਜਟ) ਸਮਾਗਮ, 2024

**ਪੰਜਾਬ ਵਿਧਾਨ ਸਭਾ ਸਕੱਤਰੇਤ**

**(ਵਿਧਾਨ ਸ਼ਾਖਾ)**

**ਨੰ. 10-ਐਲ ਏ- 2024/** 3612

**ਵਿਸ਼ਾ: ਵੀਰਵਾਰ, 07 ਮਾਰਚ, 2024 ਨੂੰ ਗੈਰ-ਸਰਕਾਰੀ ਬਿਲਾਂ/ਮਤਿਆਂ ਦਾ ਲਿਆ ਜਾਣਾ।**

---

ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 30 ਅਧੀਨ 07 ਮਾਰਚ, 2024 ਨੂੰ ਆਉਣ ਵਾਲੇ ਵੀਰਵਾਰ ਨੂੰ ਸਰਕਾਰੀ ਕੰਮ-ਕਾਰ ਦੀ ਥਾਂ ਹੋਰ ਨੂੰ ਪਹਿਲ ਦਿੱਤੀ ਜਾਵੇਗੀ। ਨਿਯਮ 30 (2) (ਅ), (ੲ) ਅਤੇ (ਸ) ਅਨੁਸਾਰ ਇਸ ਤਰ੍ਹਾਂ ਦਾ ਕੰਮ-ਕਾਰ ਹੇਠ ਲਿਖੀ ਤਰਤੀਬ ਅਨੁਸਾਰ ਲਿਆ ਜਾਵੇਗਾ:-

I) ਬਿਲ, ਜਿਨ੍ਹਾਂ ਨੂੰ ਪੇਸ਼ ਕਰਨ ਸਬੰਧੀ ਆਗਿਆ ਮੰਗੀ ਜਾਣੀ ਹੋਵੇ;

II) ਆਮ ਲੋਕ ਮਹੱਤਤਾ ਦੇ ਮਾਮਲਿਆਂ ਤੇ ਮਤੇ ; ਅਤੇ

III) ਬਿਲ ਜੋ ਪਹਿਲਾਂ ਪੇਸ਼ ਕੀਤੇ ਜਾ ਚੁੱਕੇ ਹਨ।

2. ਬਿਲਾਂ, ਜਿਨ੍ਹਾਂ ਨੂੰ ਪੇਸ਼ ਕਰਨ ਸਬੰਧੀ ਆਗਿਆ ਮੰਗੀ ਜਾਣੀ ਹੈ, ਦੀ ਦਰਜੇਵਾਰ ਪਹਿਲਤਾ ਦਾ ਨਿਰਣਾ ਪਰਚੀਆਂ ਪਾ ਕੇ ਕੀਤਾ ਜਾਵੇਗਾ, ਜਿਵੇਂ ਕਿ ਉਪਰੋਕਤ ਨਿਯਮਾਵਲੀ ਦੇ ਨਿਯਮ 30 ਦੇ ਉਪ ਨਿਯਮ (3) ਅਧੀਨ ਲੋੜੀਂਦਾ ਹੈ।

3. ਨਿਯਮਾਵਾਲੀ ਦੀ ਅਨੁਸੂਚੀ 1 ਵਿੱਚ ਪਰਚੀਆਂ ਪਾਉਣ ਸਬੰਧੀ ਦਿੱਤੀ ਗਈ ਕਾਰਜਵਿਧੀ ਅਨੁਸਾਰ 2 ਨੰਬਰ ਲੱਗੀਆਂ ਸੂਚੀਆਂ, ਇੱਕ ਬਿਲਾਂ ਦੇ ਸਬੰਧ ਵਿੱਚ ਜਿਨ੍ਹਾਂ ਨੂੰ ਪੇਸ਼ ਕਰਨ ਲਈ ਆਗਿਆ ਮੰਗੀ ਜਾਣੀ ਹੈ ਅਤੇ ਦੂਜੀ, ਮਤਿਆਂ ਦੇ ਸਬੰਧ ਵਿੱਚ ਸੋਮਵਾਰ, 04 ਮਾਰਚ, 2024 ਅਤੇ ਮੰਗਲਵਾਰ, 05 ਮਾਰਚ, 2024 ਨੂੰ 10.00 ਵਜੇ ਸਵੇਰੇ ਅਤੇ 4.00 ਵਜੇ ਬਾਅਦ ਦੁਪਹਿਰ ਵਿਚਕਾਰ ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਨੋਟਿਸ ਆਫਿਸ (ਰਸੀਦ ਅਤੇ ਡਿਸਪੈਚ ਸੈਕਸ਼ਨ) ਵਿੱਚ ਖੁੱਲ੍ਹੀਆਂ ਰੱਖੀਆਂ ਜਾਣਗੀਆਂ।

4. ਕੋਈ ਮੈਂਬਰ, ਜੋ ਆਪਣੇ ਨਾਮ ਨੂੰ ਬੈਲਟ ਕਰਵਾਉਣ ਚਾਹੁੰਦਾ/ਚਾਹੁੰਦੀ ਹੋਵੇ, ਆਪਣਾ ਨਾਮ, ਮਤਿਆਂ ਦੇ ਸਬੰਧ ਵਿੱਚ ਨੰਬਰ ਲੱਗੀ ਸੂਚੀ ਵਿੱਚ ਕੇਵਲ ਇੱਕ ਨੰਬਰ ਦੇ ਸਾਹਮਣੇ ਅਤੇ ਅਜਿਹੇ ਹਰ ਇੱਕ ਬਿਲ, ਜਿਸ ਦਾ ਉਸ ਦੇ ਨੋਟਿਸ ਦਿੱਤਾ ਹੋਵੇ ਅਤੇ ਜਿਸ ਨੂੰ ਪੇਸ਼ ਕਰਨ ਦੀ ਆਗਿਆ ਮੰਗੀ ਜਾਣੀ ਹੋਵੇ, ਦੇ ਸਬੰਧ ਵਿੱਚ ਲੱਗੀ ਸੂਚੀ ਵਿੱਚ ਤਿੰਨ ਨੰਬਰ ਤੱਕ ਦਰਜ ਕਰਵਾ ਸਕਦਾ/ਸਕਦੀ ਹੈ।

5. ਕੇਵਲ ਉਹੀ ਨੰਬਰ, ਜਿਨ੍ਹਾਂ ਦੇ ਸਾਹਮਣੇ ਨੰਬਰ ਲੱਗੀਆਂ ਸੂਚੀਆਂ ਵਿੱਚ ਨਾਮ ਦਰਜ ਹੋਣਗੇ, ਬਿਲਾਂ ਅਤੇ ਮਤਿਆਂ ਦੀ ਪਹਿਲਤਾ ਦਾ ਨਿਰਣਾ ਕਰਨ ਲਈ ਬੈਲਟ ਕੀਤੇ ਜਾਣਗੇ।

6. ਐਪਰ, ਮੈਂਬਰਾਂ ਲਈ ਇਹ ਜ਼ਰੂਰੀ ਨਹੀਂ ਕਿ ਉਹ ਆਪ ਆਪਣੇ ਨਾਮ ਨੰਬਰ ਲੱਗੀ ਲਿਸਟ ਵਿੱਚ ਆਪ ਆ ਕੇ ਦਰਜ ਕਰਨ। ਉਹ ਸਕੱਤਰ ਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਇਸ ਸਬੰਧੀ ਉਨ੍ਹਾਂ ਵੱਲੋਂ ਨਾਮ ਦਰਜ ਕਰਨ ਦਾ ਅਧਿਕਾਰ ਦੇ ਸਕਦੇ ਹਨ।

7. ਉਨ੍ਹਾਂ ਬਿਲਾਂ ਦੀ, ਜਿਨ੍ਹਾਂ ਸਬੰਧੀ ਪੇਸ਼ ਕੀਤੇ ਜਾਣ ਦੀ ਆਗਿਆ ਮੰਗੀ ਜਾਣੀ ਹੈ ਕ੍ਰਮਵਾਰ ਪਹਿਲਤਾ ਦਾ ਨਿਰਣਾ ਕਰਨ ਲਈ ਬੁੱਧਵਾਰ, 06 ਮਾਰਚ, 2024 ਨੂੰ ਸਕੱਤਰ ਦੇ ਕਮਰੇ ਵਿੱਚ 11.00 ਵਜੇ ਸਵੇਰੇ ਪਰਚੀਆਂ ਪਾਈਆਂ ਜਾਣਗੀਆਂ ਅਤੇ ਮਤਿਆਂ ਸਬੰਧੀ ਪਰਚਿਆਂ ਉਸ ਤੋਂ ਤੁਰਤ ਬਾਅਦ ਪਾਈਆਂ ਜਾਣਗੀਆਂ।

ਪਰਤੋ ਜੀ.......

8. ਇਹ ਜ਼ਰੂਰੀ ਨਹੀਂ ਕਿ ਮੈਂਬਰ ਪਰਚੀਆਂ ਪਾਉਣ ਸਮੇਂ ਆਪ ਹਾਜ਼ਰ ਹੋਣ। ਉਹ ਉਸ ਤਰਤੀਬ ਦੀ ਸੂਚਨਾ ਦੇ ਸਕਦੇ ਹਨ ਜਿਸ ਵਿੱਚ ਉਹ ਆਪਣੇ ਬਿਲਾਂ/ਮਤਿਆਂ ਨੂੰ ਪਹਿਲਤਾ ਦਿਵਾਉਣਾ ਚਾਹੁੰਦੇ ਹਨ। ਇਸ ਸਬੰਧ ਵਿੱਚ ਕੋਈ ਸੂਚਨਾ ਨਾ ਮਿਲਣ ਦੀ ਸੂਰਤ ਵਿੱਚ ਉਨ੍ਹਾਂ ਦੀ ਪਰਵਾਨਗੀ ਦੀਆਂ ਤਰੀਕਾਂ ਦੇ ਆਧਾਰ ਤੇ ਕਾਰਵਾਈ ਕੀਤੀ ਜਾਵੇਗੀ।

**ਚੰਡੀਗੜ੍ਹ:**

**03 ਮਾਰਚ, 2024**

**ਰਾਮ ਲੋਕ ਖਟਾਣਾ,**

**ਸਕੱਤਰ।**

ਸੇਵਾ ਵਿੱਚ

**ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ।**

---

**ਨੰ. 10-ਐਲ ਏ-2024/**3163-3166**, ਮਿਤੀ ਚੰਡੀਗੜ੍ਹ, 03 ਮਾਰਚ, 2024**

ਕਾਪੀ ਨਿਮਨਲਿਖਤ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ;
2. ਸਾਰੇ ਵਧੀਕ ਮੁੱਖ ਸਕੱਤਰ/ਵਿੱਤ ਕਮਿਸ਼ਨਰ/ਪ੍ਰਮੁੱਖ ਸਕੱਤਰ/ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ;
3. ਸਕੱਤਰ, ਪੰਜਾਬ ਸਰਕਾਰ, ਸੰਸਦੀ ਮਾਮਲਿਆਂ ਦਾ ਵਿਭਾਗ; ਅਤੇ
4. ਅਧੀਨ ਸਕੱਤਰ, ਪੰਜਾਬ ਸਰਕਾਰ, ਆਮ ਪ੍ਰਸ਼ਾਸਨ ਵਿਭਾਗ।

ਸੁਪਰਡੰਟ,

ਵਾਸਤੇ ਸਕੱਤਰ।